ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ
(ਸੈਕੰਡਰੀ ਸਿੱਖਿਆ ਸ਼ਾਖਾ)

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਪੰਜਾਬ।
2. ਸਮੂਹ ਸਕੂਲ ਮੁੱਖੀ(ਵੈਬਸਾਈਟ ਰਾਹੀਂ) ਪੰਜਾਬ।

ਮੀਮੋ ਨੰ: DPISE-SEDU0SHFT/20/2021-DPI-SE-SAS NAGAR/ 2022245614-15
ਮਿਤੀ: ਸ.ਅ.ਨਗਰ 12/09/2022

ਵਿਸ਼ਾ: ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਪਾਲਿਸੀ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਦੇ ਸਬੰਧ ਵਿੱਚ ਸਰਕਾਰ ਦੇ ਮੀਮੋ ਨੰ. 13/1/22-1ਸਿ6/60-64 ਮਿਤੀ ਚੰਡੀਗੜ੍ਹ 04.05.2022 (ਨੱਥੀ ਪੱਤਰ) ਰਾਹੀਂ ਪਾਲਿਸੀ/ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਜਿਸ ਦੀ ਲਗਾਤਾਰਤਾ ਵਿੱਚ ਸਰਕਾਰ ਦੇ ਮੀਮੋ ਨੰ. SEDU6013/3/2022-1EDU6/408125/1-5 ਮਿਤੀ ਚੰਡੀਗੜ੍ਹ 11.08.2022 ਰਾਹੀਂ ਸੋਧ ਪੱਤਰ ਵੀ ਜਾਰੀ ਕੀਤਾ ਗਿਆ ਸੀ (ਨੱਥੀ ਪੱਤਰ) ।

2.0 ਸਰਕਾਰ ਵੱਲੋਂ ਜਾਰੀ ਪਾਲਿਸੀ ਅਨੁਸਾਰ ਰਾਜ ਵਿੱਚ ਡਬਲ ਸ਼ਿਫਟ ਵਿੱਚ ਚਲਦੇ ਸਕੂਲਾਂ ਦੀ ਜਾਣਕਾਰੀ ਇੱਕਤਰ ਕਰਨ ਲਈ Google Link https://docs.google.com/spreadsheets/d/1xzPMP4PkUzgdboTyzIdWpJ3GQlTZaEb5vDoskTq2lCU/edit?usp=sharing ਤਿਆਰ ਕੀਤਾ ਗਿਆ ਹੈ ਜਿਸ ਵਿੱਚ ਆਪਣੇ ਸਬੰਧਤ ਜ਼ਿਲ੍ਹੇ ਦੀ Sheet(Task Bar ਵਿੱਚ ਦਰਸਾਏ ਅਨੁਸਾਰ) ਸਲੈਕਟ ਕਰਕੇ ਸੂਚਨਾ ਮਿਤੀ 14.09.2022 ਸਾਮ 4 ਵਜੇ ਤੱਕ ਭਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਸਰਕਾਰ ਨੂੰ ਸਮੇਂ ਸਿਰ ਸੂਚਨਾ ਭੇਜੀ ਜਾ ਸਕੇ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਨੂੰ ਭੇਜ ਕੇ ਲਿੱਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਸਮੂਹ ਸਕੂਲਾਂ ਨੂੰ ਉਪਰੋਕਤ ਪੱਤਰ ਦਾ ਉਤਾਰਾ ਸਮੇਤ ਪਾਲਿਸੀ/ਹਦਾਇਤਾਂ ਭੇਜ ਕੇ ਇਹ ਸੂਚਨਾ ਮੁੱਖ ਦਫਤਰ ਨੂੰ ਨਿਸ਼ਚਿਤ ਮਿਤੀ ਤੱਕ ਪੁੱਜਦੀ ਕਰਨੀ ਯਕੀਨੀ ਬਣਾਈ ਜਾਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਸਹਾਇਕ ਡਾਇਰੈਕਟਰ (ਸੈ.ਸਿ)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਮੀਮੋ ਨੰ: 13/1/22-1ਸਿ6/60-64
ਮਿਤੀ, ਚੰਡੀਗੜ੍ਹ: 4.5.22

ਵਿਸ਼ਾ:- ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਹਦਾਇਤਾਂ।

ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਵਿੱਚ ਚਲਾਉਣ ਲਈ ਵਿਭਾਗ ਪਾਸ ਬਹੁਤ ਸਾਰੀਆਂ ਪ੍ਰਤੀ ਬੇਨਤੀਆਂ ਪ੍ਰਾਪਤ ਹੁੰਦੀਆਂ ਹਨ।ਅਜਿਹੀਆਂ ਪ੍ਰਤੀ ਬੇਨਤੀਆਂ ਤੇ ਵਿਚਾਰ ਕਰਨ ਉਪਰੰਤ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਵਿੱਚ ਚਲਾਉਣ ਸਬੰਧੀ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1.0 ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੋਣ ਅਤੇ ਜਗ੍ਹਾ, ਕਮਰਿਆ ਤੇ ਹੋਰ ਇਨਫਰਾਸਟਰੱਕਚਰ ਦੀ ਘਾਟ ਹੋਣ ਦੀ ਸੂਰਤ ਵਿੱਚ ਹੀ ਸਬੰਧਤ ਸਕੂਲ ਨੂੰ ਡਬਲ ਸ਼ਿਫਟ ਲਈ ਵਿਚਾਰਿਆ ਜਾਵੇਗਾ।

2.0 (ੳ) <u>ਜਿੱਥੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ ਇੱਕੋ ਕੈਂਪਸ ਵਿੱਚ ਚਲਦੇ ਹੋਣ:-</u>

ਅਜਿਹੇ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਦੋਵੇਂ ਸਕੂਲਾਂ ਦੇ ਸਕੂਲ ਮੁਖੀਆਂ ਦੀ ਆਪਸੀ ਸਹਿਮਤੀ ਨਾਲ ਜੋ ਤਜਵੀਜ਼ ਵਿਭਾਗ ਨੂੰ ਭੇਜੀ ਜਾਵੇਗੀ, ਉਸ ਅਨੁਸਾਰ ਸਕੂਲ ਨੂੰ ਡਬਲ ਸ਼ਿਫਟ ਕਰਨ ਸਬੰਧੀ ਵਿਚਾਰ ਕੀਤਾ ਜਾਵੇਗਾ।

(ਅ) <u>ਜਿੱਥੇ ਹਾਈ/ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ:-</u>

ਅਜਿਹੇ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਸਕੂਲਾਂ ਦੇ ਮੁਖੀਆਂ ਵੱਲੋਂ ਭੇਜੀ ਗਈ ਤਜਵੀਜ਼ ਅਨੁਸਾਰ ਵਿਚਾਰ ਕੀਤਾ ਜਾਵੇਗਾ।

3.0 ਉਪਰੋਕਤ ਤੋਂ ਇਲਾਵਾ ਸਰਕਾਰ ਪੱਧਰ ਤੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੋਣ, ਜਗ੍ਹਾ/ਕਮਰਿਆ ਤੇ ਹੋਰ ਇਨਫਰਾਸਟਰੱਕਚਰ ਦੀ ਘਾਟ ਹੋਣ, ਕਿਸੇ ਵੀ ਪ੍ਰਬੰਧਕੀ ਪੱਖੋਂ ਜਾਂ ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਨੂੰ ਡਬਲ ਸ਼ਿਫਟ ਕੀਤਾ ਜਾ ਸਕਦਾ ਹੈ।

4.0 ਜੇਕਰ ਉਪਰੋਕਤ ਦਰਸਾਏ ਪੈਰ੍ਹਾ 1.0, 2.0 ਅਤੇ 3.0 ਵਿੱਚ ਦਰਜ ਸਥਿਤੀ ਅਨੁਸਾਰ ਸਕੂਲਾਂ ਨੂੰ ਡਬਲ ਸ਼ਿਫਟ ਕੀਤਾ ਜਾਂਦਾ ਹੈ ਤਾਂ ਉਸ ਸੂਰਤ ਵਿੱਚ ਸਕੂਲ ਹੇਠ ਅਨੁਸਾਰ ਲੱਗਣਗੇ:-

ਲੜੀ ਨੰ:	ਸਕੂਲ	ਸੈਸ਼ਨ	ਸਮਾਂ	ਜਿਸ ਸ਼ਿਫਟ ਵਿੱਚ ਸਕੂਲ ਲੱਗੇਗਾ
1	ਪ੍ਰਾਇਮਰੀ	ਗਰਮੀਆਂ ਵਿੱਚ	1 ਅਪ੍ਰੈਲ ਤੋਂ 30 ਸਤੰਬਰ ਤੱਕ	ਸਵੇਰ ਦੀ ਸ਼ਿਫਟ ਵਿੱਚ
2	ਪ੍ਰਾਇਮਰੀ	ਸਰਦੀਆਂ ਵਿੱਚ	1 ਅਕਤੂਬਰ ਤੋਂ 31 ਮਾਰਚ ਤੱਕ	ਸ਼ਾਮ ਦੀ ਸ਼ਿਫਟ ਵਿੱਚ
3	ਅੱਪਰ	ਗਰਮੀਆਂ ਵਿੱਚ	1 ਅਪ੍ਰੈਲ ਤੋਂ 30 ਸਤੰਬਰ ਤੱਕ	ਸ਼ਾਮ ਦੀ ਸ਼ਿਫਟ ਵਿੱਚ

4	ਪ੍ਰਾਇਮਰੀ ਅੱਪਰ ਪ੍ਰਾਇਮਰੀ	ਸਰਦੀਆਂ ਵਿੱਚ	1 ਅਕਤੂਬਰ ਤੋਂ 31 ਮਾਰਚ ਤੱਕ	ਸਵੇਰ ਦੀ ਸ਼ਿਫਟ ਵਿੱਚ

5.0 ਸਕੂਲ ਨੂੰ ਡਬਲ ਸ਼ਿਫਟ ਕਰਦੇ ਸਮੇਂ ਪਹਿਲੀ ਸ਼ਿਫਟ ਦੀ ਛੁੱਟੀ ਦੇ ਸਮੇਂ ਅਤੇ ਦੂਜੀ ਸ਼ਿਫਟ ਸ਼ੁਰੂ ਕਰਨ ਦੇ ਸਮੇਂ ਵਿੱਚ ਕੁਝ ਫਰਕ ਰੱਖਿਆ ਜਾਵੇਗਾ ਤਾਂ ਜੋ ਪਹਿਲੀ ਸ਼ਿਫਟ ਦੌਰਾਨ ਪੜ੍ਹ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ਅਤੇ ਸਕੂਲ ਵਿੱਚ ਅਨੁਸ਼ਾਸਨ ਬਣਿਆ ਰਹੇ।ਇਸ ਲਈ ਡਬਲ ਸ਼ਿਫਟ ਵਾਲੇ ਸਕੂਲਾਂ ਦਾ ਸਮਾਂ ਹੇਠ ਲਿਖੇ ਅਨੁਸਾਰ ਹੋਵੇਗਾ:-

ਲੜੀ ਨੰ:	ਸੈਸ਼ਨ	ਮਿਤੀ	ਸ਼ਿਫਟ	ਸਮਾਂ
1	ਗਰਮੀਆਂ ਵਿੱਚ	1 ਅਪ੍ਰੈਲ ਤੋਂ 31 ਅਕਤੂਬਰ ਤੱਕ	ਸਵੇਰ ਦੀ ਸ਼ਿਫਟ	ਸਵੇਰ 7 ਵਜੇ ਤੋਂ ਦੁਪਹਿਰ 12 ਵਜੇ ਤੱਕ
2	ਗਰਮੀਆਂ ਵਿੱਚ	1 ਅਪ੍ਰੈਲ ਤੋਂ 31 ਅਕਤੂਬਰ ਤੱਕ	ਸ਼ਾਮ ਦੀ ਸ਼ਿਫਟ	ਦੁਪਹਿਰ 12:30 ਵਜੇ ਤੋਂ ਸ਼ਾਮ 5:30 ਵਜੇ ਤੱਕ
3	ਸਰਦੀਆਂ ਵਿੱਚ	1 ਨਵੰਬਰ ਤੋਂ 31 ਮਾਰਚ ਤੱਕ	ਸਵੇਰ ਦੀ ਸ਼ਿਫਟ	ਸਵੇਰ 7:30 ਤੋਂ ਦੁਪਹਿਰ 12:15 ਵਜੇ ਤੱਕ
4	ਸਰਦੀਆਂ ਵਿੱਚ	1 ਨਵੰਬਰ ਤੋਂ 31 ਮਾਰਚ ਤੱਕ	ਸ਼ਾਮ ਦੀ ਸ਼ਿਫਟ	ਦੁਪਹਿਰ 12:30 ਤੋਂ ਸ਼ਾਮ 5:15 ਵਜੇ ਤੱਕ

6.0 ਡਬਲ ਸ਼ਿਫਟ ਵਾਲੇ ਸਕੂਲਾਂ ਵਿੱਚ ਜਿੱਥੇ ਸਕੂਲ ਪਹਿਲੀ ਜਮਾਤ ਤੋਂ ਦਸਵੀਂ/ਬਾਰ੍ਹਵੀਂ ਜਮਾਤ ਅਤੇ ਛੇਵੀਂ ਜਮਾਤ ਤੋਂ ਦਸਵੀਂ/ਬਾਰ੍ਹਵੀਂ ਜਮਾਤ ਤੱਕ ਹਨ, ਉੱਥੇ ਸਕੂਲ ਮੁਖੀ ਦੀ ਸਕੂਲ ਵਿੱਖੇ ਠਹਿਰ ਦਾ ਘੱਟੋ ਘੱਟ ਸਮਾਂ ਗਰਮੀਆਂ ਦੌਰਾਨ ਸਵੇਰੇ 7 ਵਜੇ ਤੋਂ 1 ਵਜੇ ਤੱਕ ਹੋਵੇਗਾ ਅਤੇ ਸਰਦੀਆਂ ਦੌਰਾਨ ਸਵੇਰੇ 7.30 ਵਜੇ ਤੋਂ 1.30 ਵਜੇ ਤੱਕ ਹੋਵੇਗਾ ਅਤੇ ਬਾਕੀ ਸਮੇਂ ਦੌਰਾਨ ਸਕੂਲ ਦੇ ਅਨੁਸ਼ਾਸਨ ਦੀ ਜਿੰਮੇਵਾਰੀ ਸਕੂਲ ਦੇ ਸਭ ਤੋਂ ਸੀਨੀਅਰ ਅਧਿਆਪਕ ਦੀ ਹੋਵੇਗੀ। ਇਸ ਤੋਂ ਇਲਾਵਾ ਡਬਲ ਸ਼ਿਫਟ ਹੋਏ ਸਕੂਲਾਂ ਦੇ ਉਪਰੋਕਤ ਦਰਸਾਏ ਸਮੇਂ ਦੌਰਾਨ ਸਬੰਧਤ ਸਕੂਲਾਂ ਦੇ ਮੁਖੀ/ ਸਭ ਤੋਂ ਸੀਨੀਅਰ ਅਧਿਆਪਕ ਤੇ ਸਕੂਲ ਦੇ ਅਨੁਸ਼ਾਸਨ ਦੀ ਜਿੰਮੇਵਾਰੀ ਹੋਵੇਗੀ।

ਪ੍ਰਮੁੱਖ ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ: 13/1/22-1ਸਿ6/65-66 ਮਿਤੀ, ਚੰਡੀਗੜ੍ਹ: 4.5.22

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)।
2. ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)।

ਸੁਪਰਡੰਟ

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-6 ਸ਼ਾਖਾ)

ਸੇਵਾ ਵਿਖੇ.

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ. ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.). ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.). ਪੰਜਾਬ।
4. ਡਾਇਰੈਕਟਰ. ਐਸ.ਸੀ.ਈ.ਆਰ.ਟੀ.. ਪੰਜਾਬ।
5. ਸਕੱਤਰ. ਪੰਜਾਬ ਸਕੂਲ ਸਿੱਖਿਆ ਬੋਰਡ।

ਮੀਮੋ ਨੰ: SED-EDU6013/3/2022-1EDU6/406125/1-5

ਮਿਤੀ. ਚੰਡੀਗੜ੍ਹ: 11.8.2022

ਵਿਸ਼ਾ: ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਰਕਾਰ ਦੇ ਪੱਤਰ ਨੰ: 13/1/22-1ਸਿ6/60-64 ਮਿਤੀ 04.05.2022 ਦੇ ਹਵਾਲੇ ਵਿੱਚ।

2. ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਸਰਕਾਰ ਵੱਲੋਂ ਹਵਾਲਾ ਅਧੀਨ ਪੱਤਰ ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਸਰਕਾਰ ਦੇ ਧਿਆਨ ਵਿੱਚ ਸਕੂਲਾਂ ਦੀ ਸਮਾਂ-ਸਾਰਣੀ ਦੇ ਸਬੰਧ ਵਿੱਚ ਕੁੱਝ ਤਰੁੱਟੀਆਂ ਸਾਹਮਣੇ ਆਈਆਂ ਹਨ। ਸਰਕਾਰ ਵੱਲੋਂ ਉਪਰੋਕਤ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਰਾਜ ਦੇ ਸਮੂਹ ਸਕੂਲਾਂ ਦੀ ਸਮਾਂ-ਸਾਰਣੀ ਵਿੱਚ ਹੇਠ ਅਨੁਸਾਰ ਤਬਦੀਲੀ ਕਰਨ ਦਾ ਫੈਸਲਾ ਲਿਆ ਗਿਆ ਹੈ:

ਲੜੀ ਨੰ:	ਸਕੂਲ	ਸੈਸ਼ਨ	ਸਮਾਂ	ਜਿਸ ਸ਼ਿਫਟ ਵਿੱਚ ਸਕੂਲ ਲੱਗੇਗਾ
1	ਪ੍ਰਾਇਮਰੀ	ਗਰਮੀਆਂ ਵਿੱਚ	1 ਅਪ੍ਰੈਲ ਤੋਂ 30 ਸਤੰਬਰ ਤੱਕ	ਸਵੇਰ ਦੀ ਸ਼ਿਫਟ ਵਿੱਚ
2	ਪ੍ਰਾਇਮਰੀ	ਸਰਦੀਆਂ ਵਿੱਚ	1 ਅਕਤੂਬਰ ਤੋਂ 31 ਮਾਰਚ ਤੱਕ	ਸ਼ਾਮ ਦੀ ਸ਼ਿਫਟ ਵਿੱਚ
3	ਅੱਪਰ ਪ੍ਰਾਇਮਰੀ	ਗਰਮੀਆਂ ਵਿੱਚ	1 ਅਪ੍ਰੈਲ ਤੋਂ 30 ਸਤੰਬਰ ਤੱਕ	ਸ਼ਾਮ ਦੀ ਸ਼ਿਫਟ ਵਿੱਚ
4	ਅੱਪਰ ਪ੍ਰਾਇਮਰੀ	ਸਰਦੀਆਂ ਵਿੱਚ	1 ਅਕਤੂਬਰ ਤੋਂ 31 ਮਾਰਚ ਤੱਕ	ਸਵੇਰ ਦੀ ਸ਼ਿਫਟ ਵਿੱਚ

3.0

ਲੜੀ ਨੰ:	ਸੈਸ਼ਨ	ਮਿਤੀ	ਸ਼ਿਫਟ	ਸਮਾਂ
1	ਗਰਮੀਆਂ ਵਿੱਚ	1 ਅਪ੍ਰੈਲ ਤੋਂ 30 ਸਤੰਬਰ ਤੱਕ	ਸਵੇਰ ਦੀ ਸ਼ਿਫਟ	ਸਵੇਰ 7 ਵਜੇ ਤੋਂ ਦੁਪਹਿਰ 12 ਵਜੇ ਤੱਕ
2	ਗਰਮੀਆਂ ਵਿੱਚ	1 ਅਪ੍ਰੈਲ ਤੋਂ 30 ਸਤੰਬਰ ਤੱਕ	ਸ਼ਾਮ ਦੀ ਸ਼ਿਫਟ	ਦੁਪਹਿਰ 12:30 ਵਜੇ ਤੋਂ ਸ਼ਾਮ 5:30 ਵਜੇ ਤੱਕ
3	ਸਰਦੀਆਂ ਵਿੱਚ	1 ਅਕਤੂਬਰ ਤੋਂ 31 ਮਾਰਚ ਤੱਕ	ਸਵੇਰ ਦੀ ਸ਼ਿਫਟ	ਸਵੇਰ 7:30 ਤੋਂ ਦੁਪਹਿਰ 12:15 ਵਜੇ ਤੱਕ
4	ਸਰਦੀਆਂ ਵਿੱਚ	1 ਅਕਤੂਬਰ ਤੋਂ 31 ਮਾਰਚ ਤੱਕ	ਸ਼ਾਮ ਦੀ ਸ਼ਿਫਟ	ਦੁਪਹਿਰ 12:30 ਤੋਂ ਸ਼ਾਮ 5:15 ਵਜੇ ਤੱਕ

ਪ੍ਰਮੁੱਖ ਸਕੱਤਰ ਸਕੂਲ ਸਿੱਖਿਆ

ਮਿਤੀ: ਚੰਡੀਗੜ੍ਹ
11-08-2022

ਪਿੱਠ ਅੰਕਣ ਨੰ:SED-EDU6013/3/2022-1EDU6/406125/6-7 ਮਿਤੀ. ਚੰਡੀਗੜ੍ਹ: 11.8.2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)।
2. ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)।

ਅਧੀਨ ਸਕੱਤਰ ਸਕੂਲ ਸਿੱਖਿਆ